This question paper contains 3 printed pages]

**Roll No.** | | | | | | | | | | | |

S. No. of Question Paper : **1016**

Unique Paper Code : **212281** **D**

Name of the Paper : **Punjabi 'A' CH 2.5**

Name of the Course : **B.Com. (Hons.)**

Semester : **II**

Duration : **3 Hours** Maximum Marks : **75**

*(Write your Roll No. on the top immediately on receipt of this question paper.)*

**ਨੋਟ :** ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। ਹਰ ਭਾਗ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**ਭਾਗ-I**

1. ਲੋਕਧਾਰਾ ਦੀ ਪਰਿਭਾਸ਼ਾ ਅਤੇ ਇਸ ਦੇ ਪ੍ਰਮੁੱਖ ਤੱਤਾਂ ਨਾਲ ਜਾਣ-ਪਛਾਣ ਕਰਾਓ। 15

**ਜਾਂ**

'ਮੇਰਾ ਨਾਨਕਾ ਪਿੰਡ' ਪਾਠ-ਪੁਸਤਕ ਦੇ ਕਿਸੇ ਇਕ ਕਾਂਡ ਵਿਚ ਦਰਜ ਰਸਮਾਂ-ਰਿਵਾਜਾਂ ਅਤੇ ਲੋਕ ਵਿਸ਼ਵਾਸਾਂ ਨੂੰ ਆਪਣੇ ਸ਼ਬਦਾਂ 'ਚ ਲਿਖੋ।

2. ਕੋਈ **ਦੋ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ: 2×5=10

(ੳ) 'ਅਗਲਾ ਜਹਾਨ' ਕਾਂਡ ਵਿਚ ਇਸਲਾਮੀ ਮਜ਼ਬ ਵਿਚ ਅਗਲੇ ਜਹਾਨ ਬਾਰੇ ਜੋ ਵਿਚਾਰ ਮਿਲਦੇ ਹਨ, ਉਨ੍ਹਾਂ ਨੂੰ ਫਾਤਮਾ ਕਿਵੇਂ ਬਿਆਨ ਕਰਦੀ ਹੈ, ਵੇਰਵੇ ਸਹਿਤ ਲਿਖੋ।

(ਅ) 'ਲੋਕ ਵਿਸ਼ਵਾਸ' ਕਾਂਡ ਵਿਚ ਦਿਨਾਂ ਨਾਲ ਸੰਬੰਧਤ ਕਿਹੜੇ ਵਹਿਮਾਂ ਭਰਮਾਂ ਦਾ ਜ਼ਿਕਰ ਕੀਤਾ ਗਿਆ ਹੈ?

(ੲ) 'ਰੁੱਖਾਂ ਦਾ ਸਫ਼ਰ' ਕਾਂਡ ਵਿਚ ਆਂਵਲੇ ਅਤੇ ਕੇਲੇ ਦੇ ਦਰਖਤ ਨੂੰ ਪੂਜੇ ਜਾਣ ਪਿਛੇ ਜੋ ਲੋਕ ਵਿਸ਼ਵਾਸ ਜਾਂ ਲੋਕ ਸੰਸਕਾਰਾਂ ਦਾ ਹਵਾਲਾ ਦਿੱਤਾ ਹੈ, ਉਸ ਨੂੰ ਆਪਣੇ ਸ਼ਬਦਾਂ 'ਚ ਲਿਖੋ।

(ਸ) ਲੇਖਕ ਦੀ ਨਾਨੀ ਜੀ ਨੇ ਲੇਖਕ ਨੂੰ ਤੁਲਸਾ ਬਾਰੇ ਕਿਹੜੀ ਕਥਾ ਸੁਣਾਈ ਸੀ?

## ਭਾਗ-II

3. ਹੇਠ ਦਿੱਤੇ ਪੈਰ੍ਹੇ ਨੂੰ ਸੰਖੇਪ ਕਰ ਕੇ ਲਿਖੋ ਅਤੇ ਇਸ ਦਾ ਸਿਰਲੇਖ ਵੀ ਲਿਖੋ:- 10

ਗੁਰੂ ਨਾਨਕ ਦਾ ਉਪਦੇਸ਼ ਸਰਬ ਸੰਸਾਰ ਲਈ ਸਾਂਝਾ ਤੇ ਪ੍ਰਾਣੀ ਮਾਤਰ ਲਈ ਕਲਿਆਣਕਾਰੀ ਹੈ। ਉਨ੍ਹਾਂ ਦਾ ਸੁਨੇਹਾ ਹਰ ਇਨਸਾਨ ਤੇ ਸਮੁੱਚੇਂ ਤੌਰ 'ਤੇ ਇਨਸਾਨੀ ਸਮਾਜ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਪਹਿਲਾ ਉਪਦੇਸ਼ ਇਨਸਾਨ ਨੂੰ ਆਪਣੀ ਆਤਮਾ ਨੂੰ ਉੱਨਤ ਕਰਨ ਦਾ ਹੈ ਤੇ ਨਾਮ, ਦਾਨ, ਇਸ਼ਨਾਨ ਇਸ ਦਾ ਸਾਧਨ ਦੱਸਿਆ ਹੈ। ਈਸ਼ਵਰ-ਭਗਤੀ, ਈਸ਼ਵਰ-ਸਿਮਰਨ ਨਾਲ ਮਨ ਦੀ ਮੈਲ ਕੱਟਦੀ ਹੈ ਤੇ ਆਤਮਾ ਆਪਣੇ ਸ਼ੁੱਧ ਰੂਪ ਵਿਚ ਵਿਦਮਾਨ ਹੁੰਦੀ ਹੈ। ਦੂਸਰਾ ਉਪਦੇਸ਼ ਗੁਰੂ ਨਾਨਕ ਦਾ ਇਹ ਹੈ ਕਿ ਸੰਸਾਰ ਤੇ ਸਮਾਜ ਤੋਂ ਕੱਟ ਕੇ, ਵੱਖਰੇ ਹੋ ਕੇ, ਕਿਸੇ ਵਿਅਕਤੀਗਤ ਆਤਮਾ ਦਾ ਵਿਕਾਸ ਅਤੇ ਉੱਨਤੀ ਤਥਾ ਹੋਂਦ ਅਸੰਭਵ ਹੈ, ਕਿਉਂਕਿ ਪ੍ਰੇਮ ਤੇ ਸੇਵਾ ਬਿਨਾਂ ਨਾਮ-ਸਿਮਰਨ ਦੀ ਕਮਾਈ ਸਫਲ ਨਹੀਂ ਹੁੰਦੀ। ਇਸ ਲਈ ਗੁਰੂ ਨਾਨਕ ਦੀ ਸਿੱਖੀ ਕਿਰਤੀਆਂ ਤੇ ਵੰਡ ਕੇ ਛਕਣ ਵਾਲਿਆਂ ਦੀ ਸਿੱਖੀ ਹੈ। ਤੀਸਰਾ ਉਪਦੇਸ਼ ਗੁਰੂ ਨਾਨਕ ਦਾ ਇਹ ਹੈ ਕਿ ਇਨਸਾਨ ਖ਼ੁਦਗਰਜ਼ੀ ਤੇ ਹਉਮੈਂ ਦੀ ਜਿਲ੍ਹਣ ਵਿਚੋਂ ਨਿਕਲ ਕੇ ਪ੍ਰੇਮ ਤੇ ਸੇਵਾ ਦੇ ਸਾਧਨ ਦੁਆਰਾ ਸਾਂਝੀਵਾਲਤਾ ਦੀ ਟੀਸੀ ਉੱਤੇ ਪੁਜੇ ਤਾਂ ਜੋ ਵਿਸ਼ਵ ਅਥਵਾ ਸਾਰੀ ਇਨਸਾਨੀਅਤ ਦਾ ਕਲਿਆਣ ਹੋਵੇ।

4. ਹੇਠ ਲਿਖੇ ਸ਼ਬਦਾਂ 'ਚੋਂ ਕੋਈ ਪੰਦਰਾਂ ਸ਼ਬਦਾਂ ਦੇ ਅਰਥ ਲਿਖੋ: 15

ਉਪਕਾਰ, ਉਜਾੜ, ਅਹੰਕਾਰ, ਅਦਬ, ਅਪਵਿੱਤਰ, ਇਨਕਾਰ, ਏਕਾ, ਸੱਜਰਾ, ਸੁਆਦਲਾ, ਸੰਜੋਗ, ਹਯਾਤੀ, ਕ੍ਰਿਤਘਣ, ਖੁਲ੍ਹ, ਗੁੱਝਾ, ਜਾਰਕ, ਨਫ਼ਾ, ਲੌਕਿਕ, ਨਿਰਾਕਾਰ।

## ਭਾਗ-III

5. ਹੇਠ ਲਿਖੇ ਸ਼ਬਦ-ਸਮੂਹਾਂ ਲਈ ਇਕ ਇਕ ਸ਼ਬਦ ਲਿਖੋ:- 10

(ੳ) ਉਹ ਪਾਠ ਜੋ ਆਰੰਭ ਤੋਂ ਲੈ ਕੇ ਅੰਤ ਤੀਕ ਅਰੁਕ ਕੀਤਾ ਜਾਵੇ

(ਅ) ਜਿਹੜਾ ਕਦੇ ਨਾ ਥੱਕੇ

(ੲ) ਜਿਸ ਨੂੰ ਰੱਬ ਤੇ ਵਿਸ਼ਵਾਸ ਹੋਵੇ

(ਸ) ਜਿਸਨੇ ਧਰਮ ਹਿਤ ਜਾਨ ਦਿਤੀ ਹੋਵੇ

(ਹ) ਉਹ ਥਾਂ ਜਿਥੇ ਮੁਰਦਿਆਂ ਨੂੰ ਸਾੜਿਆ ਜਾਵੇ

(ਕ) ਜਿਹੜਾ ਕੰਮ ਤੋਂ ਜੀਅ ਚੁਰਾਏ

(ਖ) ਜਿਹੜਾ ਗੁਣ-ਔਗੁਣ ਜਨਮ ਤੋਂ ਹੋਵੇ

(ਗ) ਜਿਥੇ ਰੁਪਏ ਪੈਸੇ ਜਾਂ ਟਕੇ ਬਣਾਏ ਜਾਣ

(ਘ) ਕਹਾਣੀਆਂ ਲਿਖਣ ਵਾਲਾ

(ਙ) ਜਿਹੜਾ ਰਿਸ਼ਤਾ ਕਰਾਏ

6. (ੳ) ਹੇਠ ਦਿੱਤੇ ਸ਼ਬਦਾਂ ਵਿਚੋ **ਪੰਜ** ਨੂੰ ਅਗੇਤਰ ਲਗਾ ਕੇ **ਦੋ-ਦੋ** ਸ਼ਬਦ ਬਣਾਓ:- 10

ਸੁ, ਸਬ, ਬਦ, ਖੁਸ਼, ਲਾ, ਬੇ, ਉਪ

(ਅ) ਹੇਠ ਦਿੱਤੇ ਸ਼ਬਦਾਂ ਵਿਚੋਂ ਪੰਜ ਨੂੰ ਪਿਛੇਤਰ ਲਗਾ ਕੇ ਸ਼ਬਦ ਬਣਾਓ:- 05

ਹਾਰ, ਕਾਰੀ, ਮਾਨ, ਸ਼ਾਕਾ, ਤਾਈ, ਬਾਜ, ਮੰਦ